6/11/94

# ਕਲਾ ਦੇ ਝਰੋਖੇ ’ਤੋਂ

(10)

**ਗੁਰਸ਼ਰਨ ਸਿੰਘ**

**ਗਾਰਗੀ ਦੀ ‘ਨੰਗੀ ਤਿਕੋਨ’ ਦਾ ਸ਼ਕਤੀਸ਼ਾਲੀ ਜਵਾਬ**

ਬਹੁਤ ਸਾਲ ਪਹਿਲਾਂ ਗਾਰਗੀ ਨੇ ਸਵੈ-ਜੀਵਨੀ ਦੇ ਰੂਪ ਵਿਚ ਇਕ ਨਾਵਲ ‘ਨੰਗੀ ਤਿਕੋਨ’ ਲਿਖਿਆ ਸੀ। ਇਸ ਨਾਵਲ ਦੀ ਸਾਹਿਤਕ ਹਲਕਿਆਂ ਵਿਚ ਬੜੀ ਚਰਚਾ ਹੋਈ ਸੀ। ਉਸ ਸਵੈ-ਜੀਵਨੀ ਵਿਚ ਗਾਰਗੀ ਨੇ ਆਪਣੀ ਵਿਸ਼ੇਸ਼ ਲਿਖਣ ਸ਼ੈਲੀ ਵਿਚ ਆਪਣੇ ਕੁਝ ਸੈਕਸ ਤਜਰਬੇ ਲਿਖੇ ਸਨ ਅਤੇ ਵਿਸ਼ੇਸ਼ ਕਰਕੇ ਇਕ ਔਰਤ ਕਲਾਕਾਰ ਦੇ ਸੰਦਰਭ ਵਿਚ ਆਪਣੇ ਵਲੋਂ ਕੁਝ ਇਕਬਾਲ ਵੀ ਕੀਤੇ ਸਨ ਅਤੇ ਕੁਝ ਇੰਕਸ਼ਾਫ ਵੀ ਕੀਤੇ ਸਨ। ਇਸ ਮਰਦ ਪ੍ਰਧਾਨ ਸਮਾਜ ਵਿਚ ਇਹ ਇਕਬਾਲ ਅਤੇ ਇੰਕਸ਼ਾਫ ਇਕ ਵਿਸ਼ੇਸ਼ ਚਸਕੇ ਵਾਲਾ ਸਾਹਿਤਕ ਮਸਾਲਾ ਬਣਦਾ ਹੈ। ਕਿਸੇ ਔਰਤ ਦੀ ਰੈਪੂਟੇਸ਼ਨ ਵਿਚ ਕੀ ਫਰਕ ਪੈਂਦਾ ਹੈ, ਇਹਦਾ ਵਪਾਰਕ ਨਜ਼ਰ ਨਾਲ ਲਿਖਣ ਵਾਲੇ ਲੇਖਕ ਨੂੰ ਕੋਈ ਫਰਕ ਨਹੀਂ ਪੈਂਦਾ। ਮੇਰੀ ਸਾਲ ਭਰ ਇਹ ਚਾਹ ਰਹੀ ਹੈ ਕਿ ਕੋਈ ਔਰਤ ‘ਨੰਗੀ ਤਿਕੋਨ’ ਦਾ ਜਵਾਬ ਦੇਵੇ। ਮੈਨੂੰ ਤਸੱਲੀ ਹੈ ਕਿ ਰਾਣੀ ਬਲਬੀਰ ਜੋ ਆਪ ਥੀਏਟਰ ਨਿਰਮਾਤਾ ਵੀ ਹੈ ਅਤੇ ਜਿਸਦੀ ਥੀਏਟਰ ਅਭਿਨੈ ਕਲਾ ਅਤੇ ਥੀਏਟਰ ਗਾਇਕੀ ਅਤੇ ਸੰਗੀਤ ਵਿਚ ਇਕ ਵਿਸ਼ੇਸ਼ ਦੇਣ ਹੈ, ਨੇ ਇਕ ਛੋਟੀ ਫਿਲਮ ‘ਮੈਂ ਜੀਵਾਂਗੀ’ ਵਿਚ ਇਸ ਦਾ ਜਵਾਬ ਦਿੱਤਾ ਹੈ। ਇਹ ਫਿਲਮ ਚਾਇਲਡ ਐਂਡ ਵਿਮਨ ਵੈਲਫੇਅਰ ਸੰਸਥਾ ਵਲੋਂ ਸਪਾਂਸਰ ਕੀਤੀ ਗਈ ਹੈ।

ਇਕ ਔਰਤ ਆਪਣੇ ਪਤੀ ਦੀ ਬਦਸਲੂਕੀ ਕਰਕੇ ਆਪਣੀਆਂ ਨਿੱਕੀਆਂ ਬਾਲੜੀਆਂ ਨੂੰ ਨਾਲ ਲੈ ਕੇ ਘਰ ਛੱਡਣ ’ਤੇ ਮਜਬੂਰ ਹੁੰਦੀ ਹੈ। ਔਰਤਾਂ ਦੀ ਇਕ ਸੁਸਾਇਟੀ ਦੀ ਮਦਦ ਨਾਲ ਉਹ ਇਕ ਚਿੱਤਰਕਾਰ ਕੋਲ ਨੌਕਰੀ ਕਰਦੀ ਹੈ। ਚਿੱਤਰਕਾਰ ਉਹਦੀ ਸੁਹੱਣਪਤਾ ਅਤੇ ਸ਼ਖਸੀਅਤ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਹੌਲੀ ਹੌਲੀ ਕਈ ਢੰਗ ਤਰੀਕੇ ਲੱਭਦਾ ਹੈ, ਜਿਨ੍ਹਾਂ ਰਾਹੀਂ ਉਹ ਉਸ ਦਾ ਸ਼ਰੀਰਕ ਸ਼ੋਸ਼ਣ ਕਰ ਸਕੇ। ਇਕ ਸਟੇਜ ’ਤੇ ਆ ਕੇ ਔਰਤ ਇਸ ਤੋਂ ਇਨਕਾਰੀ ਹੈ। ਚਿੱਤਰਕਾਰ ਔਰਤਾਂ ਦੇ ਸ਼ੋਸ਼ਣ ਦਾ ਪੁਰਾਣਾ ਖਿਡਾਰੀ ਹੈ। ਉਹਦੀ ਬਰਦਾਸ਼ਤ ਤੋਂ ਬਾਹਰ ਹੈ ਕਿ ਕੋਈ ਔਰਤ ਉਹਦੀ ਇੱਛਾ ਨੂੰ ਨਾਂਹ ਕਰੇ। ਆਪਣੀ ਕਲਾ ਦੀ ਅਯੋਗ ਵਰਤੋਂ ਕਰਕੇ ਔਰਤ ਨੂੰ ਬਲੈਕਮੇਲ ਕਰਨ ਲਈ ਉਹ ਉਹਦੇ ਨਗਨ ਚਿੱਤਰਾਂ ਦੀ ਨੁਮਾਇਸ਼ ਲਗਾਉਂਦਾ ਹੈ। ਔਰਤ ਲਈ ਇਹ ਵੱਡਾ ਸਦਮਾ ਹੈ। ਉਹਦੇ ਕਈ ਪ੍ਰਤੀਕਰਮ ਹਨ। ਇਕ ਪ੍ਰਤੀਕਰਮ ਹੈ ਕਿ ਉਹ ਚਿੱਤਰਕਾਰ ਨੂੰ ਖਤਮ ਕਰ ਦੇਵੇ ਤੇ ਆਪ ਫਾਂਸੀ ਚੜ੍ਹ ਜਾਵੇ। ਇਕ ਪ੍ਰਤੀਕਰਮ ਸਮਾਜ ਤੋਂ ਸਤਾਈ ਇਸ ਔਰਤ ਦਾ ਇਹ ਹੈ ਕਿ ਆਤਮ-ਹਤਿਆ ਕਰ ਲਵੇ। ਉਹ ਇਸ ਦਿਸ਼ਾ ਵਿਚ ਕਦਮ ਵੀ ਪੁੱਟਦੀ ਪਰ ਉਹਦੀ ਬੱਚੀ ਦਾ ਅਕਸ ਉਹਦੇ ਸਾਹਮਣੇ ਆ ਜਾਂਦਾ ਹੈ ਤੇ ਫੇਰ ਉਹ ਪੁਖਤਾ ਇਰਾਦਾ ਬਣਦੀ ਹੈ ਕਿ ਉਹ ਹਾਲਾਤ ਦਾ ਮੁਕਾਬਲਾ ਕਰੇਗੀ। ਉਹ ਜੀਏਗੀ। ‘ਮੈਂ ਜੀਵਾਂਗੀ’ ਫਿਲਮ, ਜਿਸ ਵਿਚ ਰਜਿੰਦਰ ਰੋਜ਼ੀ ਅਤੇ ਅਤੁਲਵੀਰ ਅਰੋੜਾ ਨੇ ਸ਼ਕਤੀਸ਼ਾਲੀ ਅਦਾਕਾਰੀ ਕੀਤੀ ਹੈ, ਸੰਜੀਵ ਸੂਦ ਨੇ ਕੈਮਰੇ ਦਾ ਕਮਾਲ ਵਿਖਾਇਆ ਹੈ ਅਤੇ ਵਿਸ਼ਨੂੰ ਮਲਹੋਤਰਾ ਨੇ ਸੰਪਾਦਨਾਂ ਕੀਤੀ ਹੈ। ਰਾਣੀ ਬਲਬੀਰ ਦੀ ਨਿਰਦੇਸ਼ਨਾ ਥੱਲੇ ਇਕ ਬਹੁਤ ਸ਼ਕਤੀਸ਼ਾਲੀ ਫਿਲਮ ਹੋ ਨਿੱਬੜੀ ਹੈ। ਇਹ ਫਿਲਮ ਵੱਧ ਤੋਂ ਵੱਧ ਹਲਕਿਆਂ ਵਿਚ ਜਾਣੀ ਚਾਹੀਦੀ ਹੈ। ਔਰਤਾਂ ਨੂੰ ਹਾਲਾਤ ਦਾ ਮੁਕਾਬਲਾ ਕਰਨ ਲਈ ਇਹ ਇਕ ਵਿਸ਼ੇਸ਼ ਸ਼ਕਤੀ ਅਤੇ ਬਲ ਦੇਂਦੀ ਹੈ।

**ਗਦਰੀ ਬਾਬਿਆਂ ਦਾ ਮੇਲਾ:** ਪੰਜਾਬ ਦੇ ਸਭਿਆਚਾਰਕ ਖੇਤਰ ਵਿਚ ਵੱਖ ਵੱਖ ਦਿਸ਼ਾਵਾਂ ਵੱਲ ਸਰਗਰਮੀਆਂ ਹੋ ਰਹੀਆਂ ਹਨ। ਅੱਜ ਤੋਂ 19 ਸਾਲ ਪਹਿਲੇ ਮੋਹਣ ਸਿੰਘ ਮੇਲੇ ਦੇ ਰੂਪ ਵਿਚ ਸ਼ੁਰੂ ਕੀਤੀ ਜੱਸੋਵਾਲ ਦੀ ਸਰਗਰਮੀ ਹੁਣ ਪੰਜਾਬ ਭਰ ਵਿਚ ਫੈਲ ਗਈ ਹੈ। ਇਸ ਦੀ ਆਲੋਚਨਾ ਵੀ ਹੈ ਤੇ ਪ੍ਰਸੰਸਾ ਵੀ ਹੈ, ਆਲੋਚਨਾ ਹੈ ਕਿ ਇਹ ਮੰਤਰੀ ਕਿਸਮ ਦੇ ਕਲਚਰ ਦੀ ਹੌਸਲਾ-ਅਫਜ਼ਾਈ ਕਰਦੀ ਹੈ ਜੋ ਲੋਕਾਂ ਦੇ ਸੁਹਜ-ਸਵਾਦ ਨੂੰ ਵਿਗਾੜਦੀ ਹੈ। ਪ੍ਰਸੰਸਾ ਹੈ ਕਿ ਲੋਕ ਗਾਇਕੀ ਹੁਣ ਪੰਜਾਬ ਦੇ ਕਲਚਰ ਦਾ ਸ਼ਕਤੀਸ਼ਾਲੀ ਅੰਗ ਬਣ ਗਿਆ ਹੈ ਜੋ ਲੋਕਾਂ ਦੀ ਖੁਸ਼ਕ ਅਤੇ ਥੁੜ੍ਹਾਂ ਭਰੀ ਜ਼ਿੰਦਗੀ ਵਿਚ ਰੰਗੀਨੀ ਭਰਦੀ ਹੈ ਅਤੇ ਉਨ੍ਹਾਂ ਲਈ ਮਨ-ਪਰਚਾਵਾ ਵੀ ਹੈ। ਗਦਰੀ ਬਾਬਿਆਂ ਦਾ ਮੇਲਾ ਜੱਸੋਵਾਲ ਕਲਚਰ ਦਾ ਉਲਟ ਹੈ। ਇਸ ਕਲਚਰ ਦਾ ਆਪਣਾ ਅਤੀਤ ਹੈ, ਵਰਤਮਾਨ ਹੈ ਅਤੇ ਭਵਿੱਖ ਹੈ। ਇਸ ਵਿਚ ਵੀ ਲੋਕ ਗਾਇਕੀ ਇਕ ਪ੍ਰਧਾਨ ਅੰਸ਼ ਹੈ ਪਰ ਇਹ ਲੋਕ ਗਾਇਕੀ ਲੋਕ-ਪੱਖੀ ਗਾਇਕੀ ਹੈ। ਇਸ ਵਿਚ ਨੈਣਾਂ, ਤਵੀਤਾਂ, ਗਲਾਂ ਵਿਚ ਪਈਆਂ ਕੈਂਠੀਆਂ, ਉਭਰਈਆਂ ਹਿਕੜੀਆਂ ਤੇ ਝੂਮਦੇ ਲੱਕਾਂ ਦੀ ਗੱਲ ਨਹੀਂ ਕੀਤੀ ਜਾਂਦੀ ਸਗੋਂ ਲੋਕਾਂ ਦੀਆਂ ਪੀੜਾਂ, ਸਮਾਜਿਕ ਬੇਇਨਸਾਫੀ ਅਤੇ ਬਗਾਵਤ ਦੀ ਗੱਲ ਪ੍ਰਮੁੱਖ ਤੌਰ ’ਤੇ ਕੀਤੀ ਜਾਂਦੀ ਹੈ। ਜੱਸੋਵਾਲ ਕਲਚਰ ਵਿਚ ਆਸ਼ਕਾਂ ਦੀਆਂ ਗਾਥਾਵਾਂ ਵਿਰਸੇ ਵਜੋਂ ਗਾਈਆਂ ਜਾਂਦੀਆਂ ਹਨ, ਜਦੋਂ ਕਿ ਗਦਰੀ ਬਾਬਿਆਂ ਦੀ ਕਲਚਰ ਵਿਚ ਬੀਰ ਪੁਰਸ਼ਾਂ ਦੀਆਂ ਗਾਥਾਵਾਂ ਵਿਰਸੇ ਵਜੋਂ ਗਾਈਆਂ ਜਾਂਦੀਆਂ ਹਨ। ਬੀਰ-ਰਸ ਦੀ ਕਵਿਤਾ ਦਾ ਆਪਣਾ ਇਕ ਇਤਿਹਾਸ ਹੈ। ਬੀਰਾਂ ਦੀਆਂ ਵਾਰਾਂ ਸਮਾਗਮਾਂ ਵਿਚ ਆਮ ਗਾਈਆਂ ਜਾਂਦੀਆਂ ਸਨ। ਗਦਰ ਗੂੰਜਾਂ ਦੀਆਂ ਕਵਿਤਾਵਾਂ ਵੀ ਇਸੇ ਰਵਾਇਤ ਵਿਚ ਹਨ। 1950-60 ਦੇ ਦਹਾਕੇ ਵਿਚ ਜੁਗਿੰਦਰ ਬਾਹਰਲਾ ਦਾ ਉਪੇਰਾ ‘ਹਾੜ੍ਹੀਆਂ ਸੌਣੀਆਂ’ ਗਦਰੀ ਕਲਚਰ ਦੀ ਇਕ ਮਿਸਾਲ ਹੈ। ਇਨ੍ਹਾਂ ਰਵਾਇਤਾਂ ਨੂੰ ਅੱਗੇ ਤੋਰਦਿਆਂ ਹੁਣ ਨਾਟਕ ਵੀ ਲੋਕ ਪੱਖੀ ਸਭਿਆਚਾਰ ਦਾ ਇਕ ਵਿਸ਼ੇਸ਼ ਤੇ ਜ਼ਰੂਰੀ ਅੰਗ ਹਨ।

ਇਸ ਵਿਚ ਪੰਜਾਬ ਲੋਕ ਸਭਿਆਚਾਰਕ ਮੰਚ ਦੀਆਂ ਇਕਾਈਆਂ ਆਪਣੀ ਇਤਿਹਾਸਕ ਭੂਮਿਕਾ ਨਿਭਾ ਰਹੀਆਂ ਹਨ। ਮੋਹਣ ਸਿੰਘ ਮੇਲਾ ਜੇਕਰ ਜੱਸੋਵਾਲ ਕਲਚਰ ਦੀ ਨੁਮਾਇੰਦਗੀ ਕਰਦਾ ਹੈ ਤਾਂ ਤਿੰਨ ਸਾਲ ਪਹਿਲਾਂ ਸ਼ੁਰੂ ਕੀਤ ‘ਗਦਰੀ ਬਾਬਿਆਂ ਦਾ ਮੇਲਾ’ ਹੁਣ ਲੋਕ ਪੱਖੀ ਕਲਾ ਦੀ ਪੂਰੀ ਤਰ੍ਹਾਂ ਨੁਮਾਇੰਦਗੀ ਕਰਦਾ ਹੈ। ਪਹਿਲੀ ਨਵੰਬਰ 1994 ਨੂੰ ਦੇਸ਼ ਭਗਤ ਹਾਲ ਜਲੰਧਰ ਵਿਚ ਲੱਗਿਆ ਮੇਲਾ ਇਸ ਦਾ ਪੂਰਾ ਪ੍ਰਮਾਣ ਹੈ। ਵੱਡੀ ਗਿਣਤੀ ਵਿਚ ਲੋਕ ਇਸ ਮੇਲੇ ਵਿਚ ਹਾਜ਼ਰ ਸਨ, ਜੋ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇਣ ਵੀ ਆਏ ਸਨ ਤੇ ਲੋਕ ਪੱਖੀ ਕਲਾ ਦਾ ਸਵਾਦ ਵੀ ਮਾਨਣ ਆਏ ਸਨ ਜੋ ਉਨ੍ਹਾਂ ਦੀ ਰੂਹ ਦੀ ਖੁਰਾਕ ਸੀ। ਇਸ ਕਲਚਰ ਵਿਚ ਗੀਤ ਵੀ ਸ਼ਾਮਲ ਸਨ। ਕਵੀ ਦਰਬਾਰ ਵੀ ਸ਼ਾਮਲ ਸੀ ਅਤੇ ਵੰਨ-ਸੁਵੰਨੇ ਨਾਟਕ ਵੀ ਸ਼ਾਮਲ ਸਨ। 18 ਘੰਟੇ ਇਹ ਮੇਲਾ ਚੱਲਿਆ। ਕਲਚਰ ਅਤੇ ਸਾਹਿਤ ਸਬੰਧਤ ਖੋਜ ਵਿਦਿਆਰਥੀਆਂ ਦਾ ਫਰਜ਼ ਹੈ ਕਿ ਪੰਜਾਬ ਵਿਚ ਹੋ ਰਹੀਆਂ ਸਭਿਆਚਾਰਕ ਸਰਗਰਮੀਆਂ ਦੀਆਂ ਵੱਖ ਵੱਖ ਦਿਸ਼ਾਵਾਂ ਬਾਰੇ ਪਿਛੋਕੜ, ਅਤੇ ਵਰਤਮਾਨਤਾ ਦੇ ਸੰਦਰਭ ਵਿਚ ਨਿਸ਼ਾਨਦੇਹੀ ਕਰਨ। ਸੰਜੀਦਗੀ ਨਾਲ ਕੀਤੀ ਇਹ ਨਿਸ਼ਾਨਦੇਹੀ ਭਵਿੱਖ ਲਈ ਸੇਧ ਦੇਣ ਵਿਚ ਸਹਾਈ ਹੋਵੇਗੀ।